# ਟੂਲਬੌਕਸ ਮੀਟਿੰਗ ਗਾਈਡ

## ਨਸ਼ਿਆਂ ਦੀ ਵਰਤੋਂ ਅਤੇ ਕੰਮ ’ਤੇ ਸੁਰੱਖਿਅਤ ਤਰੀਕੇ ਨਾਲ ਕੰਮ ਨਾ ਕਰ ਸਕਣਾ

### ਇਮਪੇਅਰਮੈਂਟ ਕੀ ਹੈ?

ਕੰਮ ’ਤੇ ਇਮਪੇਅਰਮੈਂਟ ਦਾ ਮਤਲਬ ਹੈ ਕਿ ਸੁਰੱਖਿਅਤ ਤਰੀਕੇ ਨਾਲ ਕੰਮ ਕਰਨ ਦੇ ਅਯੋਗ ਹੋਣਾ। ਜਿਹੜੇ ਲੋਕ ਜੌਬ ਉੱਪਰ ਸੁਰੱਖਿਅਤ ਤਰੀਕੇ ਨਾਲ ਕੰਮ ਕਰਨ ਦੇ ਅਯੋਗ ਹੁੰਦੇ ਹਨ ਉਹ ਆਪਣੇ ਆਪ ਦੇ ਜਾਂ ਦੂਜਿਆਂ ਦੇ ਸੱਟ ਲਵਾ ਸਕਦੇ ਹਨ।

ਇਮਪੇਅਰਮੈਂਟ ਦੇ ਕਈ ਕਾਰਨ ਹੋ ਸਕਦੇ ਹਨ। ਕੰਮ ’ਤੇ ਇਮਪੇਅਰਮੈਂਟ ਦੇ ਸਭ ਤੋਂ ਆਮ ਕਾਰਨਾਂ ਵਿੱਚੋਂ ਇਕ ਨਸ਼ਿਆਂ ਦੀ ਵਰਤੋਂ ਹੈ ਜਿਵੇਂ ਕਿ ਹੇਠ ਲਿਖੇ ਨਸ਼ੇ:

- ਸ਼ਰਾਬ
- ਮਨੋਰੰਜਨ ਲਈ ਵਰਤੀ ਜਾਂਦੀ ਭੰਗ (ਜੋ ਕਿ 17 ਅਕਤੂਬਰ, 2018 ਤੋਂ ਲੀਗਲ ਹੈ)
- ਗੈਰਕਾਨੂੰਨੀ ਨਸ਼ੇ
- ਬੀਮਾਰੀਆਂ ਦਾ ਇਲਾਜ ਕਰਨ ਲਈ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ (ਜਿਸ ਵਿਚ ਮੈਡੀਕਲ ਤੌਰ ’ਤੇ ਡਾਕਟਰ ਵਲੋਂ ਮਿਲੀ ਭੰਗ ਵੀ ਸ਼ਾਮਲ ਹੈ)
- ਕਾਊਂਟਰ ਤੋਂ ਮਿਲਣ ਵਾਲੀਆਂ ਦਵਾਈਆਂ

ਨਸ਼ੇ ਦੀ ਵਰਤੋਂ ਨਾਲ ਹੋਈ ਇਮਪੇਅਰਮੈਂਟ (“ਡਰੰਕ”, “ਸਟੋਨਡ”, “ਹਾਈ” ਜਾਂ “ਬਜ਼ਡ”) ਸਰੀਰ ਅਤੇ ਮਨ ਵਿਚ ਤਬਦੀਲੀਆਂ ਲਿਆ ਸਕਦੀ ਹੈ। ਇਹ ਤਬਦੀਲੀਆਂ ਸੁਰੱਖਿਅਤ ਤਰੀਕੇ ਨਾਲ ਕੰਮ ਕਰਨ ਦੀ ਲੋਕਾਂ ਦੀ ਸਮਰਥਾ ’ਤੇ ਅਸਰ ਪਾ ਸਕਦੀਆਂ ਹਨ, ਜਿਸ ਨਾਲ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਸਾਥੀ ਵਰਕਰਾਂ ਨੂੰ ਸੱਟ ਲੱਗਣ ਦਾ ਖਤਰਾ ਬਣ ਸਕਦਾ ਹੈ, ਅਤੇ ਇਸ ਵਿਚ ਇਹ ਸ਼ਾਮਲ ਹੋ ਸਕਦੇ ਹਨ:

- ਸੂਝ, ਸੋਚਣੀ, ਅਤੇ ਫੈਸਲੇ ਕਰਨ ਵਿਚ ਖਰਾਬੀ
- ਸੂਖਮ ਤਾਲਮੇਲ, ਰੀਐਕਸ਼ਨ ਦੇ ਸਮੇਂ, ਅਤੇ ਸੋਝੀ ਵਿਚ ਕਮੀ ਹੋਣਾ
- ਮਨੋਵਿਗਿਆਨਕ ਜਾਂ ਸਟਰੈੱਸ ਨਾਲ ਸੰਬੰਧਿਤ ਅਸਰ, ਜਿਵੇਂ ਕਿ ਮੂਡ ਵਿਚ ਤਬਦੀਲੀਆਂ ਜਾਂ ਸ਼ਖਸੀਅਤ ਵਿਚ ਤਬਦੀਲੀਆਂ

### ਕੰਮ ’ਤੇ ਇਮਪੇਅਰਮੈਂਟ ਨੂੰ ਕੰਟਰੋਲ ਕਰਨ ਲਈ ਜ਼ਿੰਮੇਵਾਰੀਆਂ

#### ਵਰਕਰ

ਵਰਕਰ ਵਜੋਂ, ਤੁਸੀਂ ਆਪਣੀ ਸੇਫਟੀ ਲਈ ਅਤੇ ਇਸ ਦੇ ਨਾਲ ਨਾਲ ਆਪਣੇ ਸਾਥੀ ਵਰਕਰਾਂ ਦੀ ਸੇਫਟੀ ਲਈ ਜ਼ਿੰਮੇਵਾਰ ਹੋ। ਤੁਹਾਡੇ ਲਈ ਇਹ ਕਰਨਾ ਜ਼ਰੂਰੀ ਹੈ:



- ਇਹ ਪੱਕਾ ਕਰਨਾ ਕਿ ਸੁਰੱਖਿਅਤ ਤਰੀਕੇ ਨਾਲ ਕੰਮ ਕਰਨ ਦੀ ਤੁਹਾਡੀ ਸਮਰਥਾ ਉੱਪਰ ਸ਼ਰਾਬ, ਨਸ਼ਿਆਂ, ਜਾਂ ਹੋਰ ਕਾਰਨਾਂ ਦਾ ਕੋਈ ਅਸਰ ਨਹੀਂ ਹੈ।
- ਜੇ ਤੁਹਾਡੀ ਇਮਪੇਅਰਮੈਂਟ ਤੁਹਾਨੂੰ ਜਾਂ ਕਿਸੇ ਹੋਰ ਨੂੰ ਖਤਰੇ ਵਿਚ ਪਾ ਸਕਦੀ ਹੋਵੇ ਤਾਂ ਕੰਮ ਨਾ ਕਰੋ।
- ਜੇ ਸੁਰੱਖਿਅਤ ਤਰੀਕੇ ਨਾਲ ਕੰਮ ਕਰਨ ਦੀ ਤੁਹਾਡੀ ਸਮਰਥਾ ਉੱਪਰ ਕਿਸੇ ਵੀ ਕਾਰਨ ਕਰਕੇ ਕੋਈ ਅਸਰ ਪਿਆ ਹੋਵੇ ਤਾਂ ਆਪਣੇ ਸੁਪਰਵਾਈਜ਼ਰ ਜਾਂ ਕੰਮ-ਮਾਲਕ ਨੂੰ ਦੱਸੋ।
- ਜੇ ਤੁਹਾਨੂੰ ਕੋਈ ਹੋਰ ਇਮਪੇਅਰਡ ਲੱਗਦਾ ਹੋਵੇ ਤਾਂ ਆਪਣੇ ਸੁਪਰਵਾਈਜ਼ਰ ਜਾਂ ਕੰਮ-ਮਾਲਕ ਨੂੰ ਦੱਸੋ।

#### ਕੰਮ-ਮਾਲਕ

ਜਦੋਂ ਗੱਲ ਕੰਮ ’ਤੇ ਇਮਪੇਅਰਮੈਂਟ ਨੂੰ ਕੰਟਰੋਲ ਕਰਨ ਦੀ ਆਉਂਦੀ ਹੈ ਤਾਂ ਕੰਮ-ਮਾਲਕਾਂ ਦੀਆਂ ਵੀ ਜ਼ਿੰਮੇਵਾਰੀਆਂ ਹਨ। ਕੰਮ-ਮਾਲਕਾਂ ਲਈ ਇਹ ਕਰਨਾ ਜ਼ਰੂਰੀ ਹੈ:

- ਕਿਸੇ ਇਮਪੇਅਰਡ ਵਰਕਰ ਨੂੰ ਕੰਮ ਕਰਨ ਤੋਂ ਰੋਕਣਾ ਜਿੱਥੇ ਇਮਪੇਅਰਮੈਂਟ ਇਮਪੇਅਰਡ ਵਰਕਰ ਜਾਂ ਕਿਸੇ ਹੋਰ ਲਈ ਖਤਰਾ ਪੈਦਾ ਕਰ ਸਕਦੀ ਹੋਵੇ।
- ਕਿਸੇ ਵਰਕਰ ਨੂੰ ਕੰਮ ਵਾਲੀ ਥਾਂ ’ਤੇ ਰਹਿਣ ਦੀ ਆਗਿਆ ਦੇਣ ਤੋਂ ਨਾਂਹ ਕਰਨਾ ਜਦੋਂ ਵਰਕਰ ਦੀ ਸੁਰੱਖਿਅਤ ਤਰੀਕੇ ਨਾਲ ਕੰਮ ਕਰਨ ਦੀ ਸਮਰਥਾ ਸ਼ਰਾਬ, ਨਸ਼ਿਆਂ, ਜਾਂ ਹੋਰ ਕਾਰਨਾਂ ਕਰਕੇ ਪ੍ਰਭਾਵਿਤ ਹੋਈ ਹੁੰਦੀ ਹੈ।

# ਮੀਟਿੰਗ ਦਾ ਰਿਕਾਰਡ

| ਪ੍ਰੋਜੈਕਟ | | | |
|---|---|---|---|
| ਐਡਰੈਸ | ਸਿਟੀ | ਸੂਬਾ | ਪੋਸਟਲ ਕੋਡ |
| ਕੰਮ-ਮਾਲਕ | ਸੁਪਰਵਾਈਜ਼ਰ | | |
| ਤਰੀਕ (ਸਾਲ-ਮਹੀਨਾ-ਦਿਨ) | ਸਮਾਂ | ਸ਼ਿਫਟ | |
| ਵਰਕਰਾਂ ਦੀ ਗਿਣਤੀ | ਹਾਜ਼ਰ ਵਿਅਕਤੀਆਂ ਦੀ ਗਿਣਤੀ | | |

## ਵਰਕਰਾਂ ਦੇ ਸੇਫਟੀ ਦੇ ਹੋਰ ਮਾਮਲੇ ਜਾਂ ਵਰਕਰਾਂ ਦੇ ਸੁਝਾਅ

| |
|---|
| |
| |
| |
| |
| |

## ਹਾਜ਼ਰ ਹੋਣ ਵਾਲਿਆਂ ਦਾ ਰਿਕਾਰਡ

| ਨਾਂ (ਕਿਰਪਾ ਕਰਕੇ ਵੱਡੇ ਅੱਖਰਾਂ ਵਿਚ ਲਿਖੋ) | ਦਸਖਤ | ਕੰਪਨੀ |
|---|---|---|
| 1. | | |
| 2. | | |
| 3. | | |
| 4. | | |
| 5. | | |
| 6. | | |
| 7. | | |
| 8. | | |
| 9. | | |
| 10. | | |
| 11. | | |
| 12. | | |
| 13. | | |

| ਮੈਨੇਜਰ ਦੀ ਟਿੱਪਣੀ | |
|---|---|
| ਮੈਨੇਜਰ ਦੇ ਦਸਖਤ | ਸੁਪਰਵਾਈਜ਼ਰ ਦੇ ਦਸਖਤ |